ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426
Website: www.mcphagwara.co.in Email: cmcphagwara123@gmail.com

ਸੇਵਾ ਵਿਖੇ,

ਡਾਇਰੈਕਟਰ,
ਸਥਾਨਕ ਸਰਕਾਰ ਵਿਭਾਗ, ਪੰਜਾਬ,
ਚੰਡੀਗੜ੍ਹ।

ਨੰਬਰ: ....1392....　　　　ਮਿਤੀ: ....16/5/23

ਵਿਸ਼ਾ:- **ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਵੱਲੋਂ ਮਿਤੀ 15/05/2023 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਨਕਲ ਸੂਚਨਾ ਹਿੱਤ ਭੇਜਣ ਸਬੰਧੀ।**

ਉਪਰੋਕਤ ਵਿਸ਼ੇ ਸਬੰਧੀ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਵੱਲੋਂ ਪਾਸ ਕੀਤੇ ਗਏ ਹੁਕਮ ਨੰ:32,33,34 ਮਿਤੀ 15/05/2023 ਦੀ ਨਕਲ ਆਪ ਜੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜੀ ਜਾਂਦੀ ਹੈ ਜੀ।

ਨੱਥੀ:- ਉਕਤ ਅਨੁਸਾਰ

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

**ਪਿੱਠ ਅੰਕਣ ਨੰ:** 1393-1396　　　　**ਮਿਤੀ:** 16/5/23

ਉਪਰੋਕਤ ਦਾ ਇੱਕ ਉਤਾਰਾ:-

1. ਮਾਨਯੋਗ ਡਵੀਜ਼ਨਲ ਕਮਿਸ਼ਨਰ, ਜਲੰਧਰ ਮੰਡਲ, ਜਲੰਧਰ ਜੀ ਨੂੰ ਸੂਚਨਾਂ ਹਿੱਤ।
2. ਮਾਨਯੋਗ ਡਿਪਟੀ ਕਮਿਸ਼ਨਰ,ਕਪੂਰਥਲਾ ਜੀ ਨੂੰ ਸੂਚਨਾਂ ਹਿੱਤ।
3. ਮਾਨਯੋਗ ਕਮਿਸ਼ਨਰ, ਨਗਰ ਨਿਗਮ, ਫਗਵਾੜਾ ਜੀ ਨੂੰ ਸੂਚਨਾਂ ਹਿੱਤ।
4. ਸਬੰਧਤ ਅਧਿਕਾਰੀ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਜੰਡਾ ਸੁਪਰਡੰਟ,
ਨਗਰ ਨਿਗਮ, ਫਗਵਾੜਾ।

O/C

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
-Office: 01824-260426 - Fax: 01824-223260 -
Website: www.mcphagwara.com Email: comm.mcpgr@punjab.gov.in

ਮਿਤੀ 15/05/2023 ਨੂੰ ਡਾਂ. ਨਯਨ ਪੀ.ਸੀ.ਐਸ. ਕਮਿਸ਼ਨਰ, ਨਗਰ ਨਿਗਮ, ਫਗਵਾੜਾ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਾਸਕੀ ਹੁਕਮ ਪਾਸ ਕੀਤੇ ਗਏ।

| ਲੜੀ ਨੰ. | ਮਤਾ ਨੰ. ਅਤੇ ਮਿਤੀ | ਮਤੇ ਦਾ ਵੇਰਵਾ | ਕਿਰਪਾ ਕਰਕੇ ਸੁਨਿਸ਼ਚਿਤ ਕੀਤਾ ਜਾਵੇ ਕਿ ਮਿਤੀ 10.10.2022 ਰਾਹੀਂ ਪਾਸ ਕੀਤੇ ਗਏ ਨਿਰਦੇਸ਼ ਦੇ ਕਿਸ ਪੁਆਇੰਟ ਤਹਿਤ ਇਹ ਮਤਾ ਦੀ ਤਜਵੀਜ ਕੀਤੀ ਗਈ ਹੈ। | ਕਮਿਸ਼ਨਰ/ਕਾਰਜ ਸਾਧਕ ਅਫਸਰ ਦੁਆਰਾ ਕੀਤੀ ਗਈ ਟਿੱਪਣੀ |
|---|---|---|---|---|
| 1 | 32<br>15/05/2023 | ਰਿਪੋਰਟ ਵੱਲੋ ਨਿਗਰਾਨ ਇੰਜੀਨਿਅਰ, ਨਗਰ ਨਿਗਮ ਫਗਵਾੜਾ ਕਿ ਬਾਬਾ ਗਧੀਆ ਫਗਵਾੜਾ ਵਿਖੇ ਇੱਕ Modren Slaughterhouse ਦੀ ਉਸਾਰੀ ਕੀਤੀ ਗਈ ਸੀ। ਜੋਕਿ ਉਸ ਸਮੇਂ ਚਲਾਇਆ ਨਹੀ ਗਿਆ ਅਤੇ ਉਸ ਸਮੇਂ ਤੋ ਹੀ ਬੰਦ ਪਿਆ ਹੈ। ਪੰਜਾਬ ਸਰਕਾਰ ਵੱਲੋ ਜਾਰੀ ਹੁਕਮਾਂ ਅਤੇ ਨਿਯਮਾਂ ਅਨੁਸਾਰ ਨਗਰ ਨਿਗਮ ਫਗਵਾੜਾ ਵਿਖੇ ਮੌਜੂਦ ਮਾਡਰਨ ਬੁੱਚੜਖਾਨੇ (Slaughterhouse) ਨੂੰ ਚਲਾਉਣਾ ਜਰੂਰੀ ਹੈ। ਜਿਸ ਲਈ ਨਿਗਰਾਨ ਇੰਜੀਨੀਅਰ ਨਗਰ ਨਿਗਮ ਫਗਵਾੜਾ ਜੀ ਅਤੇ ਕਾਰਪੋਰੇਸ਼ਨ ਇੰਜੀਨੀਅਰ ਨਗਰ ਨਿਗਮ ਫਗਵਾੜਾ ਜੀ ਦੀ ਮੌਜੂਦਗੀ ਵਿੱਚ ਮੁਹੱਲਾ ਬਾਬਾ ਗਧੀਆ ਵਿਖੇ ਮੌਜੂਦ ਮਾਡਰਨ ਬੁੱਚੜਖਾਨੇ (Slaughterhouse) ਦਾ ਮੋਕਾ ਦੇਖਿਆ ਗਿਆ ਅਤੇ ਇਸ ਬੁੱਚੜਖਾਨੇ ਦੀ ਹਾਲਤ ਕਾਫੀ ਖਸਤਾ ਪਾਈ ਗਈ ਹੈ। ਇਸ ਮਾਡਰਨ ਬੁੱਚੜਖਾਨੇ (Slaughterhouse) ਨੂੰ ਚਲਾਉਣ ਲਈ ਇਸਦੀ ਰਿਪੇਅਰ ਕਰਵਾਉਣੀ ਜਰੂਰੀ ਹੈ। ਇਸ ਵਿੱਚ ਮੌਜੂਦ ਸਾਰੀ ਮਸ਼ਿਨਰੀ ਜਾਮ ਪਈ ਹੈ, ਜਿਸ ਕਾਰਣ ਇਸ ਮਸ਼ੀਨਰੀ ਦੀ ਸਰਵਿਸ ਕਰਾਵਾਉਣੀ ਜਰੂਰੀ ਹੈ। ਸਬਮਰਸੀਵਲ ਪੰਪ ਵੀ ਖਰਾਬ ਹੈ, ਦਰਵਾਜੇ ਵੀ ਲਗਭਗ ਟੁੱਟ ਚੁੱਕੇ ਹਨ, ਸਾਰਾ ਫਰਸ਼ ਲੱਗਨ ਵਾਲਾ ਹੈ, ਈ.ਟੀ.ਪੀ. ਦੀ ਰਿਪੇਅਰ ਹੋਣ ਵਾਲੀ ਹੈ, ਬਿਜਲੀ ਦੀ ਫਿਟਿੰਗ ਹੋਣ ਵਾਲੀ ਹੈ ਅਤੇ ਸਾਰੇ ਬੁੱਚੜਖਾਨੇ (Slaughterhouse) ਨੂੰ ਵਾਈਟ ਵਾਸ਼ ਕਰਵਾਉਣਾ ਜਰੂਰੀ ਹੈ। ਮਸ਼ੀਨਰੀ ਦੀ ਰਿਪੇਅਰ ਕਰਵਾਉਣ ਵਿੱਚ ਲਗਭਗ 8.00 ਲੱਖ ਅਤੇ ਬਾਕੀ ਦੇ ਸਿਵਲ ਦੇ ਕੰਮਾਂ ਨੂੰ ਕਰਵਾਉਣ ਵਿੱਚ ਲਗਭਗ 14.50 ਲੱਖ (8.00+14.50= 22.5) ਦਾ ਖਰਚ ਆਉਣ ਦੀ ਸੰਭਾਵਨਾ ਹੈ। ਉਕਤ ਕੰਮਾਂ ਨੂੰ ਕਰਵਾਉਣ ਵਿੱਚ ਕੁੱਲ 22.50 ਲੱਖ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇੱਥੇ ਇਹ ਦੱਸਣਯੋਗ ਹੈ ਕਿ ਇਹ ਰਫ ਕਾਸਟ ਤਖਮੀਨਾ ਤਿਆਰ ਕੀਤਾ ਗਿਆ ਹੈ, ਪਰੰਤੂ ਕੰਮ ਸ਼ੁਰੂ ਕਰਵਾਉਣ ਤੋ ਪਹਿਲਾ ਇਸ ਦਾ ਤਕਮੀਨਾ ਤਿਆਰ ਕਰ ਲਿਆ ਜਾਵੇਗਾ। ਉਕਤ ਕੰਮ ਨੂੰ ਕਰਵਾਉਣ ਲਈ ਹਾਉਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ | ------ | ਸੂਚਨਾ ਹਿੱਤ। |

ਦਫਤਰ ਨਗਰ ਨਿਗਮ ਫਗਵਾੜਾ
OFFICE OF THE MUNICIPAL CORPORATION PHAGWARA
TOWN HALL PARK, PHAGWARA-144401
Office: 01824-260426 - Fax: 01824-223260
Website: www.mcphagwara.com Email: comm.mcpgr@punjab.gov.in

| | | | | |
|---|---|---|---|---|
| | | ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਊਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। **ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਣਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਨੰ. 4105 ਮਿਤੀ 13/12/2022 ਰਾਂਹੀ ਬਣਾਈ ਗਈ ਰੈਜ਼ੂਲੇਸ਼ਨ ਕਮੇਟੀ ਵੱਲੋਂ ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।** | | |
| 2 | 33<br>15/05/2023 | ਰਿਪੋਰਟ ਵੱਲੋ ਨਿਗਰਾਨ ਇੰਜੀਨਿਅਰ, ਨਗਰ ਨਿਗਮ ਫਗਵਾੜਾ ਕਿ ਮੁਹੱਲਾ ਕੀਰਤੀ ਨਗਰ ਗਲੀ ਨੰਬਰ 1 ਅਤੇ 2 ਦੇ ਇਲਾਕਾ ਨਿਵਾਸੀਆ ਵੱਲੋ ਨੱਥੀ ਪੱਤਰ ਰਾਹੀ ਮਾਨਯੋਗ ਕਮਿਸ਼ਨਰ, ਨਗਰ ਨਿਗਮ ਫਗਵਾੜਾ ਜੀ ਨੂੰ ਬੇਨਤੀ ਕੀਤੀ ਗਈ ਹੈ ਕਿ ਉਕਤ ਜਗ੍ਹਾ ਤੇ ਸੀਵਰ ਲਾਈਨ ਨਾ ਹੋਣ ਕਾਰਣ ਉਹਨਾਂ ਨੂੰ ਬਹੁੱਤ ਪਰੇਸ਼ਾਨੀ ਦਾ ਸਾਹਮਨਾ ਕਰਨਾ ਪੈ ਰਿਹਾ ਹੈ। ਸੀਵਰ ਨਾ ਹੋਣ ਕਾਰਨ ਹੀ ਉਹਨਾਂ ਦੇ ਏਰੀਏ ਵਿੱਚ ਬਿਮਾਰੀ ਫੈਲਣ ਦਾ ਖਤਰਾ ਬਣਿਆ ਹੋਇਆ ਹੈ। ਜਿਸ ਤੋ ਬਾਅਦ ਉਕਤ ਜਗ੍ਹਾ ਦਾ ਮੋਕਾ ਦੇਖਿਆ ਗਿਆ ਅਤੇ ਇਸ ਜਗ੍ਹਾ ਤੇ ਨਵੀ ਸੀਵਰ ਲਾਈਨ ਪਾਉਣ ਲਈ ਤਖਮੀਨਾ ਤਿਆਰ ਕਰ ਲਿਆ ਗਿਆ ਹੈ। ਤਖਮੀਨੇ ਅਨੁਸਾਰ ਇਸ ਜਗ੍ਹਾ ਤੇ ਨਵੀਂ ਸੀਵਰ ਲਾਈਨ ਪਾਉਣ ਲਈ ਲਗਭਗ 14.68 ਲੱਖ ਦਾ ਖਰਚ ਆਉਣ ਦੀ ਸੰਭਾਵਨਾ ਹੈ। ਉਕਤ ਕੰਮ ਨੂੰ ਕਰਵਾਉਣ ਲਈ ਹਾਊਸ ਦੀ ਪ੍ਰਵਾਨਗੀ ਲੋੜੀਂਦੀ ਹੈ। ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। **ਨਗਰ ਨਿਗਮ ਫਗਵਾੜਾ ਵਿਖੇ ਮਤਿਆਂ ਸਬੰਧੀ ਮਾਣਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਵੱਲੋਂ ਹੁਕਮ ਨੰ. 4105 ਮਿਤੀ 13/12/2022 ਰਾਂਹੀ ਬਣਾਈ ਗਈ ਰੈਜ਼ੂਲੇਸ਼ਨ ਕਮੇਟੀ ਵੱਲੋਂ ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।** | ------ | ਸੂਚਨਾ ਹਿੱਤ। |

TOWN HALL PARK, PHAGWARA-144401
-Office: 01824-260426 - Fax: 01824-223260 -
Website: www.mcphagwara.com Email: comm.mcpgr@punjab.gov.in


| | | | | |
|---|---|---|---|---|
| 3 | 34<br>15/05/2023 | ਰਿਪੋਰਟ ਵੱਲੋ ਅਮਲਾ ਸੁਪਰਡੰਟ, ਨਗਰ ਨਿਗਮ ਫਗਵਾੜਾ ਕਿ ਸ਼੍ਰੀ ਰਤਨ ਲਾਲ ਪੁੱਤਰ ਸ਼੍ਰੀ ਭਗਤ ਰਾਮ, ਕਲਰਕ ਨਗਰ ਨਿਗਮ, ਫਗਵਾੜਾ ਵੱਲੋਂ ਦਿੱਤਾ ਗਿਆ ਬੇਨਤੀ ਪੱਤਰ ਦਫਤਰ, ਨਗਰ ਨਿਗਮ,ਫਗਵਾੜਾ ਵਿਖੇ ਪ੍ਰਾਪਤ ਹੋਇਆ ਹੈ, ਜਿਸ ਅਨੁਸਾਰ ਉਕਤ ਕਰਮਚਾਰੀ ਦੀ ਲੜਕੀ ਕੈਨੇਡਾ ਵਿਖੇ ਰਹਿੰਦੀ ਹੈ ਜਿਸ ਨੂੰ ਮਿਲਨ ਲਈ ਪ੍ਰਾਰਥੀ ਨੇ ਵਿਦੇਸ਼ ਜਾਣ ਲਈ ਮਿਤੀ 25-06-2023 ਤੋਂ 24-07-2023 ਤੱਕ (30 ਦਿਨ) ਲਈ ਇਸ ਦਫਤਰ ਵਿਖੇ ਐਕਸ ਇੰਡੀਆ ਲੀਵ ਦੀ ਮੰਗ ਕੀਤੀ ਗਈ ਹੈ।<br><br>ਇਸ ਸਬੰਧੀ ਕਰਮਚਾਰੀ ਦਾ ਸਰਵਿਸ ਰਿਕਾਰਡ ਵਾਚਿਆ ਗਿਆ ਜਿਸ ਮੁਤਾਬਕ ਇਸ ਕਰਮਚਾਰੀ ਦੀਆਂ ਮਿਤੀ 30.04.2023 ਤੱਕ 450 ਕਮਾਈ ਛੁੱਟੀਆਂ ਬਕਾਇਆ ਹਨ। ਕਰਮਚਾਰੀ ਵੱਲੋਂ ਅਨੁਲੱਗ-1, ਅਨੁਲਗ-2, ਅਨੁਲਗ-3 ਅਤੇ ਸਵੈ-ਘੋਸ਼ਣਾ ਪੱਤਰ ਨਾਲ ਨੱਥੀ ਕੀਤਾ ਗਿਆ ਹੈ। ਕਰਮਚਾਰੀ ਵੱਲੋਂ ਦਿੱਤੇ ਗਏ ਦਸਤਾਵੇਜਾਂ ਅਨੁਸਾਰ ਇਹ ਕਰਮਚਾਰੀ ਛੁੱਟੀ ਦੌਰਾਨ ਹੇਠ ਦਰਸਾਏ ਪਤੇ ਤੇ ਰਹੇਗਾ।<br><br>47 Speedwell, St. Brampton,<br>ON L6X 0R8 **(Canada)**<br><br>ਉਕਤ ਕਰਮਚਾਰੀ ਕਲਰਕ ਦੀ ਅਸਾਮੀ ਤੇ ਵਿਰੁੱਧ ਨਗਰ ਨਿਗਮ ਫਗਵਾੜਾ ਵਿਖੇ ਕੰਮ ਕਰ ਰਿਹਾ ਹੈ ਜੋ ਕਿ ਇੱਕ ਗੈਰ-ਪ੍ਰਾਂਤੀਕਰਨ ਅਸਾਮੀ ਹੈ ਇਸ ਸਬੰਧ ਵਿੱਚ ਫੈਸਲਾ ਲੈਣ ਲਈ ਮਾਨਯੋਗ ਕਮਿਸ਼ਨਰ ਨਗਰ ਨਿਗਮ ਫਗਵਾੜਾ ਜੀ ਸਮਰੱਥ ਅਥਾਰਿਟੀ ਹਨ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸ਼੍ਰੀ ਰਤਨ ਲਾਲ, ਕਲਰਕ ਨਗਰ ਨਿਗਮ ਫਗਵਾੜਾ ਨੂੰ ਵਿਦੇਸ਼ ਜਾਣ ਲਈ ਐਕਸ ਇੰਡੀਆ ਲੀਵ ਲਈ ਰਿਪੋਰਟ ਕਿ ਇੱਥੇ ਇਹ ਦੱਸਣਯੋਗ ਹੈ ਕਿ ਸਥਾਨਕ ਸਰਕਾਰ ਵਿਭਾਗ, ਪੰਜਾਬ ਵੱਲੋ ਜਾਰੀ ਨੋਟੀਫਿਕੇਸ਼ਨ ਨੰ: 5/71/2017/**MEO/DA/334** ਮਿਤੀ 23/03/2020 ਰਾਹੀ ਹਾਉਸ ਦੀਆ ਸਾਰੀਆਂ ਸ਼ਕਤੀਆਂ ਕਮਿਸ਼ਨਰ ਨਗਰ ਨਿਗਮ ਜੀ ਨੂੰ ਦਿੱਤੀਆ ਗਈਆ ਹਨ। **ਉਕਤ ਮਤਾ ਪਾਉਣ ਲਈ ਪ੍ਰਸ਼ਾਸਕੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।** | ------ | ਸੂਚਨਾ ਹਿੱਤ। |

ਤਸਦੀਕੀ ਕਾਪੀ

ਅਜੰਡਾ ਸੁਪਰਡੰਟ,
ਨਗਰ ਨਿਗਮ,ਫਗਵਾੜਾ